# ਖਰਨਾ (ਸੇਵਕ ਹੋਣਾ)

## ਯੂਹੰਨਾ 13:1-17, 34, 35

*''ਪਰ ਤੁਸੀਂ ਏਹੋ ਜੇਹੇ ਨਾ ਹੋਵੋ ਸਗੋਂ ਤੁਹਾਡੇ ਵਿਚ ਜਿਹੜਾ ਵੱਡਾ ਹੈ ਉਹ ਛੋਟੇ ਵਰਗਾ ਅਤੇ ਜਿਹੜਾ ਸਰਦਾਰ ਹੈ ਉਹ ਟਹਿਲੂਏ ਵਰਗਾ ਬਣੇ। ਕਿਉਂਕਿ ਵੱਡਾ ਕੌਣ ਹੈ, ਉਹ ਜਿਹੜਾ ਖਾਣ ਨੂੰ ਬੈਠਦਾ ਹੈ ਯਾ ਉਹ ਜਿਹੜਾ ਟਹਿਲ ਕਰਦਾ ਹੈ? ਭਲਾ, ਉਹ ਨਹੀਂ ਜਿਹੜਾ ਖਾਣ ਨੂੰ ਬੈਠਦਾ ਹੈ? ਪਰ ਮੈਂ ਤੁਹਾਡੇ ਵਿਚ ਟਹਿਲੂਏ ਵਰਗਾ ਹਾਂ'' (ਲੂਕਾ 22:26, 27)।*

ਖ਼ੁਦਾ ਸਿਰਫ਼ ਸੇਵਕਾਂ ਨੂੰ ਹੀ ਇਸਤੇਮਾਲ ਕਰਦਾ ਹੈ। ਦੂਜਿਆਂ ਨੂੰ ਅਰਜ਼ੀ ਦੇਣ ਦੀ ਲੋੜ ਨਹੀਂ ਹੈ। ਸੇਵਕ ਦਾ ਮਨ ਖ਼ੁਦਾ ਦੇ ਓਨਾ ਹੀ ਨੇੜੇ ਹੁੰਦਾ ਹੈ ਜਿਨਾ ਕੁ ਕਿਸੇ ਦਾ ਹੋ ਸਕਦਾ ਹੈ। ਯਿਸੂ *ਸੇਵਕ* ਹੈ। ਮੈਂ ਸੇਵਕਾਂ ਦੇ ਓਸੇ ਸੇਵਕ ਦਾ ਇਕ ਸੇਵਕ ਹਾਂ। ਬਾਈਬਲ ਦੇ ਬਹੁਤ ਸਾਰੇ ਮਹਾਨ ਸ਼ਬਦਾਂ ਦਾ ਬੇੜਾ ਗਰਕ ਹੋ ਚੁਕਾ ਹੈ। ''ਸਲੀਬ'' ਸ਼ਬਦ ਨੂੰ ਹੀ ਲੈ ਲਓ। ਕਿਸੇ ਵਕਤ ਇਹ ਬਦਸੂਰਤ, ਲਹੂਲੁਹਾਨ, ਤਕਲੀਫ਼ਦੇਹ, ਤੁੱਛ ਅਤੇ ਖੁਰਦੁਰਾ ਹੁੰਦਾ ਸੀ ਜੋ ਅੱਜ ਕਲਾਤਮਕ, ਸੁਨਹਿਰੀ ਅਤੇ ਦਿਲਕਸ਼ ਬਣ ਚੁਕਾ ਹੈ। ਯਿਸੂ ਦੇ ਮਗਰ ਚੱਲਣ ਦਾ ਮਤਲਬ ਸਲੀਬ ਕੋਲ ਆਉਣਾ ਹੈ। ਉਸ ਨੇ ਆਪਣੀ ਸਲੀਬ ਚੁੱਕੀ ਅਤੇ ਅਸੀਂ ਆਪਣੀ ਸਲੀਬ ਚੁੱਕਦੇ ਹਾਂ। ਯਿਸੂ ਸਾਨੂੰ ਮਰਨ ਲਈ ਆਖਦਾ ਹੈ। ਸਾਨੂੰ ਸਲੀਬ ਦੀ ਜ਼ਲਾਲਤ ਨੂੰ ਨਹੀਂ ਭੁੱਲਣਾ ਚਾਹੀਦਾ (ਵੇਖੋ ਗਲਾਤੀਆਂ 5:11)। ''ਪ੍ਰੇਮ'' ਸ਼ਬਦ ਨੂੰ ਹੀ ਲੈ ਲਓ। ਇਹ ਸ਼ਾਨਦਾਰ ਸ਼ਬਦ ਹੁਣ ਜਜ਼ਬਾਤੀ ਬੇਹੂਦਗੀ ਤਕ ਡਿੱਗ ਚੁਕਿਆ ਹੈ। ਇਸ ਵਿਚ ਸੁਧਾਰ ਲਈ ਤੁਹਾਨੂੰ ਇਸਦੇ ਨਾਲ ''ਪੱਕਾ'' ਜੋੜਨਾ ਪਵੇਗਾ। ''ਦਾਸ'' ਸ਼ਬਦ ਤੇ ਵੀ ਵਿਚਾਰ ਕਰੋ। ਦਾਸ ਜਾਂ ਗੁਲਾਮ ਨੂੰ ਕੋਈ ਹੱਕ ਜਾਂ ਸਿਆਸੀ ਹੱਕ ਨਹੀਂ ਹੁੰਦਾ ਸੀ। ਉਹ ਪੂਰੀ ਤਰ੍ਹਾਂ ਨਾਲ ਕਿਸੇ ਦੇ ਅਧੀਨ ਹੁੰਦਾ ਸੀ। ਅਸੀਂ ਇਸ ਧਾਰਣਾ ਨੂੰ ਕਾਲਪਨਿਕ ਬਣਾ ਕੇ ਇਸ ਨੂੰ ਅਰਥਹੀਣ ਕਰ ਦਿੱਤਾ ਹੈ। ਯਿਸੂ ਨੇ ''ਪਰਨੇ ਦੀ ਤਰਤੀਬ'' ਦਿੱਤੀ। ਕਲੀਸੀਆਵਾਂ ਨੂੰ ਬਣਾਉਣ ਲਈ ਖ਼ੁਦਾ ਸਿਰਫ਼ ਪਰਨੇ ਦੀ ਵਰਤੋਂ ਕਰਦਾ ਹੈ। ਇਸ ਤੋਂ ਪਹਿਲਾਂ ਜਾਂ ਇਸ ਦੇ ਬਾਅਦ ਇਤਿਹਾਸ ਵਿਚ ਕਿਤੇ ਇਵੇਂ ਨਹੀਂ ਹੋਇਆ। ਉੱਪਰ ਦਾ ਰਾਹ ਹੇਠੋਂ ਹੋ ਕੇ ਜਾਂਦਾ ਹੈ; ਪਿੱਛੇ ਵਾਲੇ ਅੱਗੇ ਹਨ; ਜ਼ਿੰਦਾ ਹੋਣ ਲਈ ਤੁਸੀਂ ਮਰਦੇ ਹੋ; ਪਾਉਣ ਲਈ ਤੁਸੀਂ ਦਿੰਦੇ ਹੋ (ਮੱਤੀ 20:16; ਮਰਕੁਸ 9:35)। ਮਸੀਹ ਵਿਚ ਸਭ ਕੁਝ ਉਲਟਾ ਪੁਲਟਾ ਹੋ ਜਾਂਦਾ ਹੈ।

ਖ਼ੁਦਾ ਸਿਰਫ਼ ਦਾਸਾਂ ਨੂੰ ਵਰਤਦਾ ਹੈ, ''ਕਲੀਸੀਆ ਦੇ ਕਾਮੇ'' ਨੂੰ ਨਹੀਂ। ''ਕਲੀਸੀਆ ਦੇ ਕਾਮੇ'' ਬਾਈਬਲ ਦੇ ਸ਼ਬਦ ਨਹੀਂ ਹਨ। ਅਸੀਂ ਸਭ ਦਾਸਾਂ ਦੇ ਤੌਰ ਤੇ ਮਸ਼ਹੂਰ ਹੋਣਾ ਚਾਹੁੰਦੇ ਹਾਂ, ਪਰ ਦਾਸਾਂ ਵਾਂਗ ਵਿਹਾਰ ਕਰਨ ਨੂੰ ਕੋਈ ਤਿਆਰ ਨਹੀਂ ਹੈ। ਲੋਕ ਦਾਸ ਬਣਨ ਲਈ ਅੱਗੇ ਨਹੀਂ ਆ ਰਹੇ ਹਨ। ਤੁਸੀਂ ਇਨੇ ਛੋਟੇ ਕਦੇ ਨਹੀਂ ਬਣ ਸਕਦੇ ਕਿ ਖ਼ੁਦਾ ਤੁਹਾਨੂੰ ਇਸਤੇਮਾਲ ਨਾ ਕਰੇ, ਪਰ ਤੁਸੀਂ ਐਨੇ ਵੱਡੇ ਬਣ ਸਕਦੇ ਹੋ। ਬਾਰਾਂ ਚੇਲਿਆਂ ਨੂੰ ਦਿੱਤਾ ਯਿਸੂ ਦਾ ਆਖ਼ਰੀ ਸਬਕ ''ਪਰਨੇ ਦਾ ਸਬਕ'' ਹੀ ਸੀ। ਉਸ ਨੇ ਉਨ੍ਹਾਂ ਨੂੰ ਸਮਝਾਇਆ ਕਿ ਉਹ ਉਵੇਂ ਹੀ ਕਰਨ ਜਿਵੇਂ ਉਸ ਨੇ ਉਨ੍ਹਾਂ ਨਾਲ ਕੀਤਾ ਸੀ। ਜਦ ਵੀ ਚੇਲਿਆਂ ਨੇ ਆਪਣੇ ਆਪ ਉੱਚਾ ਚੁੱਕਿਆ ਯਿਸੂ ਨੇ ਉਨ੍ਹਾਂ ਨੂੰ ਡਾਂਟ ਦਿੱਤਾ (ਮਰਕੁਸ 10:35–45)। ਸੇਵਕ ਉਹੀ ਹੈ, ਜੋ ਮਸੀਹੀ ਹੈ ਅਤੇ ਸੇਵਾ ਉਹੀ ਹੈ ਜਿਹੜੀ ਮਸੀਹੀ ਲੋਕ ਕਰਦੇ ਹਨ। ''ਕਾਮਯਾਬ ਕਲੀਸੀਆ'' ਦੀ ਬਜਾਇ ''ਸੇਵਕ ਕਲੀਸੀਆ'' ਬਣਨਾ ਜ਼ਰੂਰੀ ਹੈ। ਸ਼ੁਕਰਗੁਜ਼ਾਰੀ

ਕਰਨ ਨਾਲ ਹਲੀਮੀ ਆਉਂਦੀ ਹੈ। ਹਲੀਮੀ ਸਾਨੂੰ ਸਮਰਪਿਤ ਬਣਾਉਂਦੀ ਹੈ। ਹੁਣ ਅਸੀਂ ਖ਼ੁਦਾ ਦੇ ਨਾਲ ਆਪਣੇ ਰੋਜ਼ ਚੱਲਣ ਦੇ ਸਾਰ ਭਾਵ *ਸੇਵਕ ਬਣਨ* ਤੇ ਆਉਂਦੇ ਹਾਂ। ਕੀ ਅਸੀਂ ''ਪਰਨਾ ਚੁੱਕਾਂਗੇ?''

## ਘਮੰਡੀ ਦਿਮਾਗ ਅਤੇ ਗੰਦੇ ਪੈਰ

ਯੂਹੰਨਾ 13 ਅਧਿਆਇ ਇਕ ਜ਼ਬਰਦਸਤ ਅਧਿਆਇ ਹੈ। ਮਨੁੱਖ ਬਾਈਬਲ ਨੂੰ ਲਿਖ ਨਹੀਂ ਸਕਦਾ ਸੀ; ਲਿਖ ਵੀ ਦਿੰਦਾ ਤਾਂ ਉਸ ਤੋਂ ਉਹ ਨਹੀਂ ਲਿਖਿਆ ਜਾਣਾ ਸੀ ਜੋ ਬਾਈਬਲ ਵਿਚ ਲਿਖਿਆ ਗਿਆ ਹੈ। ਯੂਹੰਨਾ13 ਅਧਿਆਇ ਵਿਚਲਾ ਦ੍ਰਿਸ਼ ਆਖ਼ਰੀ ਭੋਜ ਸਮੇਂ ''ਚੁਬਾਰੇ'' ਵਿਚ ਹੈ ਮੱਤੀ, ਮਰਕੁਸ ਅਤੇ ਲੂਕਾ ਵਿਚ ਪਰਨਾ ਨਹੀਂ ਹੈ। ਯੂਹੰਨਾ ਨੂੰ ਸਾਡੇ ਨਾਲ ਇਸ ਘਟਨਾ ਦੇ ਮਨੁੱਖੀ ਪਹਿਲੂ ਦੇ ਇਲਾਵਾ ਖ਼ੁਦਾ ਦੀ ਮੌਜੂਦਗੀ ਦਾ ਦੁਰਲਭ ਦ੍ਰਿਸ਼ ਦੱਸਣ ਦਾ ਵੀ ਸੁਭਾਗ ਮਿਲਦਾ ਹੈ।

ਸਲੀਬ ਦੀ ਛਾਂ ਹੇਠਾਂ ਹੀ, ਚੇਲੇ ਬਹਿਸ ਕਰ ਰਹੇ ਸਨ ਕਿ ''ਸਭ ਤੋਂ ਵੱਡਾ ਕੌਣ ਹੈ?'' ''ਸਭ ਤੋਂ ਅਹਿਮ ਰਸੂਲ'' ਕੌਣ ਹੈ? ਯਿਰਮਿਯਾਹ ਨੇ ਇਸਰਾਏਲੀਆਂ (ਯਹੂਦੀਆਂ) ਨੂੰ ਆਪਣੇ ਲਈ ਵਡਿਆਈ ਦੀ ਭਾਲ ਨਾ ਕਰਨ ਦੀ ਸਲਾਹ ਦਿੱਤੀ ਸੀ (ਯਿਰਮਿਯਾਹ 45:5)। ਇਹ ਸਬਕ ਸਿੱਖਣਾ ਔਖਾ ਹੈ। ਯੂਹੰਨਾ 13:1 ਇਹ ਸਭ ਦੱਸਦਾ ਹੈ: ''[ਯਿਸੂ ਉਨ੍ਹਾਂ ਨਾਲ] ਅਖ਼ੀਰ ਤਕ ਉਵੇਂ ਹੀ ਪ੍ਰੇਮ ਰੱਖਦਾ ਸੀ।'' ਹਰ ਹਾਲ ਵਿਚ ਆਖ਼ਰ ਤਕ ਉਹ ਪ੍ਰੇਮ ਰੱਖਦਾ ਸੀ। ਜਦ ਯਿਸੂ ਨੂੰ ਸਲੀਬ ਉੱਤੇ ਆਪਣੇ ਚੇਲਿਆਂ ਦੀ ਲੋੜ ਸੀ, ਤਾਂ ਉਹ ਘਮੰਡ ਨਾਲ ਭਰੇ ਇਕ ਦੂਜੇ ਨਾਲ ਬਹਿਸ ਕਰ ਰਹੇ ਸਨ। ਤਦ ਵੀ ਉਹ ਉਨ੍ਹਾਂ ਨਾਲ ਪ੍ਰੇਮ ਰੱਖਦਾ ਸੀ। ਉਸ ਨੇ ਉਨ੍ਹਾਂ ਨੂੰ ਝਿੜਕਿਆ ਜਾਂ ਉਨ੍ਹਾਂ ਵੱਲ ਉਂਗਲੀ ਨਹੀਂ ਕੀਤੀ ਸੀ, ਜਾਂ ਖ਼ੁਦਾ ਅੱਗੇ ''ਇਕ ਨਵੀਂ ਜਮਾਤ'' ਦੇਣ ਦੀ ਬੇਨਤੀ ਨਹੀਂ ਕੀਤੀ ਸੀ। ਉਸ ਨੇ ਇਹ ਨਹੀਂ ਆਖਿਆ ਕਿ ''ਹੇ ਪਿਤਾ, ਪੈਂਟੀਕਾਸਟ ਦਾ ਦਿਨ ਨੇੜੇ ਹੈ। ਅਸੀਂ 'ਇਸ ਟੋਲੀ' ਨਾਲ ਕਲੀਸੀਆ ਦੀ ਸ਼ੁਰੂਆਤ ਕਿਵੇਂ ਕਰ ਸਕਦੇ ਹਾਂ?''ਯਿਸੂ ਨੇ ਇਨ੍ਹਾਂ ਵਿੱਚੋਂ ਇਕ ਵੀ ਗੱਲ ਨਹੀਂ ਕੀਤੀ। ਉਸਨੇ ਚਿਲਮਚੀ ਵਿਚ ਪਾਣੀ ਭਰਿਆ ਅਤੇ ਪੈਰ ਧੋਣ ਲਈ ਇਕ ਪਰਨਾ ਲੱਕ ਦੁਆਲੇ ਬੰਨ੍ਹ ਲਿਆ। ਇਸ ਵਿਰਤਾਂਤ ਨੂੰ ਪੜ੍ਹਦਿਆਂ ਮੈਂ ਸੋਚਦਾ ਹਾਂ, ''ਪ੍ਰਭੂ ਜੀ ਇਹ ਕੰਮ ਨਾ ਕਰੋ। ਉਨ੍ਹਾਂ ਤੋਂ ਆਪਣੇ ਪੈਰ ਧੁਆਓ!'' ਹਲੀਮੀ ਦੱਬ ਗਈ ਸੀ।

ਪਰ ਖ਼ੁਦਾ ਨਾਕਾਮ ਨਹੀਂ ਹੋਇਆ ਸੀ। ਅਧਿਆਇ 13 ਵਿਚ ਯੂਹੰਨਾ ਨੇ ਉਸ ਰਾਤ ਵੇਖਿਆ। ਯੂਹੰਨਾ ਨੂੰ ਕਿਸ ਗੱਲ ਨੇ ਬਦਲ ਦਿੱਤਾ ਸੀ। ਉਸਨੇ ਯਿਸੂ ਵਿਚ, ਗੋਡਿਆਂ ਭਾਰ ਝੁਕ ਹੋਏ, ਚੇਲਿਆਂ ਦੇ ਪੈਰ ਧੋਂਦਿਆਂ ਖ਼ੁਦਾ ਨੂੰ ਵੇਖਿਆ ਸੀ। ਤਹਿਜ਼ੀਬ ਇਹ ਆਖਦੀ ਸੀ ਕਿ ਪੈਰ ਧੋਣ ਦੀ ਮਹਿਮਾਨ–ਨਵਾਜ਼ੀ ਪੂਰੀ ਕੀਤੀ ਜਾਵੇ। ਗੱਦੀ ਵਾਸਤੇ ਲੜਨ ਵਾਲੇ ਘਮੰਡੀ ਲੋਕ ਇਹ ਕੰਮ ਨਹੀਂ ਕਰ ਸਕਦੇ ਸਨ, ਜਿਸ ਕਰਕੇ ਇਹ ਕੰਮ ਯਿਸੂ ਨੇ ਕਰ ਦਿੱਤਾ। ਖ਼ੁਦਾ ਨੂੰ ਸੇਵਕਾਂ ਦੀ ਲੋੜ ਹੈ, ਪਰ ਲੋਕ ਤਾਂ ''ਸਟਾਰ'' ਬਣਨਾ ਚਾਹੁੰਦੇ ਹਨ। ''ਸਟਾਰਾਂ'' ਵਾਸਤੇ ਖ਼ੁਦਾ ਕੋਲ ਕੋਈ ਥਾਂ ਨਹੀਂ ਹੈ। ਜਦ ਲੋਕ ਸੇਵਾ ਕਰਨੀ ਬੰਦ ਕਰ ਦਿੰਦੇ ਹਨ ਤਾਂ ਸ਼ਿਕਾਇਤ ਕਰਨੀ ਸ਼ੁਰੂ ਕਰ ਦਿੰਦੇ ਹਨ। ਅਲੋਚਨਾ ਕਰਨ ਵਾਲੇ ਸੇਵਾ ਨਹੀਂ ਕਰ ਸਕਦੇ।

ਸੇਵਕ ਪੈਰ ਧੋਂਦੇ ਹਨ, *ਵਕਫ਼ਾ।* ਉਹ ਇਹ ਨਹੀਂ ਵੇਖਦੇ ਕਿ ਕਿਸਦੇ ਪੈਰ ਧੋਤੇ ਜਾਣੇ ਚਾਹੀਦੇ ਹਨ। ਯਿਸੂ ਨੇ ਯਹੂਦਾ ਦੇ ਵੀ ਪੈਰ ਧੋਤੇ ਸਨ। ਪੈਰ ਧੋਣ ਵਿਚ ਕਿਸ ਤਰ੍ਹਾਂ ਦੀ ਭਗਤੀ ਨਹੀਂ ਹੈ। ਯਹੂਦੀਆਂ ਦੀ ਲਿਖਤ *ਮਿਸ਼ਨਾਹ* ਵਿਚ ਆਖਿਆ ਗਿਆ ਸੀ ਕਿ ਯਹੂਦੀ ਮੁੰਡੇ ਸੇਵਕ ਹੋ ਸਕਦੇ ਹਨ, ਪਰ ਪੈਰ ਧੋ ਕੇ ਉਨ੍ਹਾਂ ਦਾ ਰੁਤਬਾ ਡੇਗਿਆ ਨਹੀਂ ਜਾ ਸਕਦਾ। ਯਿਸੂ ਨੇ ਆਪਣੇ ਆਪ ਨੂੰ ਸੇਵਕਾਂ ਤੋਂ ਵੀ ਨੀਵਾਂ ਕਰ ਦਿੱਤਾ। ਸੇਵਕਾਂ ਨੂੰ ਕੁਝ ਸਾਬਤ ਨਹੀਂ ਕਰਨਾ ਹੁੰਦਾ ਕਿਉਂਕਿ ਉਨ੍ਹਾਂ ਕੋਲ ਗੁਆਉਣ ਲਈ ਕੁਝ ਨਹੀਂ ਹੁੰਦਾ। ਯਿਸੂ ਨੇ ਇਕ ਪਟਕੇ ਨਾਲ ਲੱਕ ਬੰਨ੍ਹਿਆ। ਉਸ ਦਾ ਸੰਦੇਸ਼ ਸੀ ਕਿ ''ਮੇਰੇ ਲਈ ਤੁਹਾਡਾ ਸੇਵਕ ਹੋਣਾ ਜ਼ਰੂਰੀ ਹੈ ਕਿ ਮੈਂ ਉਸ ਦਾ ਸੇਵਕ ਹਾਂ।'' ਸਲੀਬ ਤੇ ਚੜ੍ਹਨ ਵਾਲਾ ਮੁਕਤੀਦਾਤਾ ਸਿਰਫ਼

ਸਲੀਬ ਉੱਤੇ ਚੜ੍ਹੇ ਸੇਵਕਾਂ ਨੂੰ ਹੀ ਇਸਤੇਮਾਲ ਕਰ ਸਕਦਾ ਹੈ।

ਜਿਹੜੀ ਕਲੀਸੀਆ ਖ਼ੂਨ ਨਹੀਂ ਬਹਾ ਸਕਦੀ ਉਹ ਬਰਕਤ ਨਹੀਂ ਦੇ ਸਕਦੀ।
ਜਿਹੜੀ ਕਲੀਸੀਆ ਸੇਵਾ ਨਹੀਂ ਕਰ ਸਕਦੀ ਉਹ ਬਚਾ ਨਹੀਂ ਸਕਦੀ।
ਜਿਹੜੀ ਕਲੀਸੀਆ ਦੁੱਖ ਨਹੀਂ ਝੱਲ ਸਕਦੀ ਉਹ ਛੁਡਾ ਨਹੀਂ ਸਕਦੀ।
ਜਿਹੜੀ ਕਲੀਸੀਆ ਮਰ ਨਹੀਂ ਸਕਦੀ ਉਹ ਜ਼ਿੰਦਾ ਨਹੀਂ ਹੋ ਸਕਦੀ।

## "ਪਤਰਸ ਦਾ ਸਿਧਾਂਤ"

ਚੇਲਿਆਂ ਦੀ ਇਨਸਾਨੀਅਤ *ਘਮੰਡ* ਵਿਚ ਜ਼ਾਹਿਰ ਕੀਤੀ ਗਈ ਸੀ! ਖ਼ੁਦਾ ਦੀ ਖ਼ੁਦਾਈ *ਹਲੀਮੀ* ਵਿਚ ਜ਼ਾਹਿਰ ਕੀਤੀ ਗਈ ਸੀ! ਪਤਰਸ ਵਿਚ ਇਹ ਸਾਫ਼ ਨਜ਼ਰ ਆਉਂਦੀ ਹੈ। ਉਸਨੇ ਸ਼ਾਇਦ ਬਾਈਬਲ ਦਾ ਸਭ ਤੋਂ ਖ਼ਾਮੋਸ਼ ਸਵਾਲ ਪੁੱਛਿਆ ਕਿ ''ਹੇ ਪ੍ਰਭੂ, ਤੂੰ ਮੇਰੇ ਪੈਰ ਧੋਂਦਾ ਹੈ?''(ਯੂਹੰਨਾ 13:6, 7)। ਪਾਣੀ ਦਾ ਇਕ ਤਸਲਾ ਅਤੇ ਪਰਨਾ ਲੈ ਕੇ ਯਿਸੂ ਪੈਰ ਧੋ ਰਿਹਾ ਸੀ ਅਤੇ ਹੁਣ ਪਤਰਸ ਦੇ ਪੈਰ ਧੋਤੇ ਜਾਣੇ ਸਨ। ਪਤਰਸ ਨੇ ਇਹ ਸਵਾਲ ਕਿਉਂ ਪੁੱਛਿਆ?

(1) ਪਤਰਸ ਦੀ ਦਿੱਕਤ ਵਿਖਾਵੇ ਵਾਲੀ ਰੂਹਾਨੀਅਤ ਸੀ। ਉਹ ਦੂਜਿਆਂ ਦੇ ਮੋਢਿਆਂ ਤੇ ਬੰਦੂਕ ਰੱਖ ਕੇ ਚੰਗਾ ਦਿਸਣਾ ਚਾਹੁੰਦਾ ਸੀ। ਇਹ ਉਸਦਾ ਘਮੰਡ ਸੀ, ਜੋ ਹਲੀਮ ਦਿਸਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਨਾਲ ਪਤਰਸ ਦੇ ਦਿਲ ਦਾ ਪਤਾ ਲਗ ਗਿਆ ਸੀ। ਉਸ ਨੂੰ ਨਹੀਂ ਲੱਗਾ ਕਿ ਉਸਦੇ ਪੈਰ ਧੋਣ ਦੀ ਲੋੜ ਹੈ। ਯਿਸੂ ਤਾਂ ਸਿਰਫ਼ ਗੰਦੇ ਪੈਰ ਧੋਂਦਾ ਹੈ। ਪਤਰਸ ਇਕ ਰਹਿਨੁਮਾ ਸੀ ਅਤੇ ਉਹ ਆਪਣੀ ਗਲਤੀ ਨਹੀਂ ਮੰਨਣਾ ਚਾਹੁੰਦਾ ਸੀ। ਉਹ ਆਪਣਾ ਨਾਂਅ ਚਮਕਾਉਣਾ ਚਾਹੁੰਦਾ ਸੀ। ਧਾਰਮਿਕ ਤੌਰ ਤੇ ''ਵਿਖਾਵਾ'' ਹਮੇਸ਼ਾ ਖ਼ਤਰਨਾਕ ਹੁੰਦਾ ਹੈ। ਪਤਰਸ ਨੇ ਬੁਨਿਆਦੀ ਤੌਰ ਤੇ ''ਆਪਣੇ ਆਪ ਨੂੰ ਮੂਰਖ'' ਬਣਾਇਆ। ਘਮੰਡ ਲੋਕਾਂ ਨੂੰ ਅਜਿਹਾ ਹੀ ਬਣਾ ਦਿੰਦਾ ਹੈ। ਪਤਰਸ ਦੇ ਪੈਰ ਗੰਦੇ ਸਨ ਅਤੇ ਉਨ੍ਹਾਂ ਨੂੰ ਵੀ ਹੋਰ ਸਭ ਲੋਕਾਂ ਦੇ ਪੈਰਾਂ ਵਾਂਗ ਧੋਤਾ ਜਾਣਾ ਜ਼ਰੂਰੀ ਸੀ। ਸਾਡਾ ਵਿਹਾਰ ਘਮੰਡੀ ਹੋ ਸਕਦਾ ਹੈ, ''ਮੈਂ ਮੰਗਤਾ ਨਹੀਂ ਹਾਂ।'' ਹਾਂ, ਤੁਸੀਂ ਹੋ! ਅਸੀਂ ਸਭ ਮੰਗਤੇ ਹਾਂ। ਸਾਨੂੰ ਸਭ ਨੂੰ ਪੈਰ ਧੁਆਉਣ ਦੀ ਲੋੜ ਹੈ। ਪਤਰਸ ਦੇ ਮਨ ਦਾ ਇਕ ਹੋਰ ਪਹਿਲੂ ਉਸਦੇ ''ਮੈਂ ਆਪਣੇ ਪੈਰ ਆਪੇ ਧੋ ਸਕਦਾ ਹਾਂ'' ਵਿਹਾਰ ਨਾਲ ਮੇਲ ਖਾਂਦਾ ਹੈ। ''ਕੰਮ ਕਰਕੇ ਮੁਕਤੀ''(ਆਪਣੇ ਆਪ ਵਿਚ ਧਾਰਮਿਕ ਹੋਣਾ) ਦੀ ਗੱਲ ਸਾਨੂੰ ਮਾਰ ਲੈਂਦੀ ਹੈ। ਅਸੀਂ ਸੋਚਦੇ ਹਾਂ, ''ਮੈਨੂੰ ਕਿਸੇ ਦੀ ਲੋੜ ਨਹੀਂ!'' ਹਾਂ, ਤੁਹਾਨੂੰ ਲੋੜ ਹੈ! ਹਰ ਕਿਸੇ ਨੂੰ ਯਿਸੂ ਦੀ ਲੋੜ ਹੈ। ਸਾਨੂੰ ਇਕ ਦੂਜੇ ਦੀ ਲੋੜ ਹੈ। ਮਸੀਹੀਅਤ ''ਕਿਵੇਂ ਕਰਨਾ ਹੈ'' ਦਾ ਇਕ ਹੋਰ ਧਰਮ ਨਹੀਂ ਨਹੀਂ ਹੈ। ਮਸੀਹੀਅਤ ''ਆਪੇ ਕਰੋ'' ਨਹੀਂ ਹੈ। ਪੌਲੁਸ ਨੇ ਪਾਇਆ ਕਿ ''... ਜਦ ਮੈਂ ਕਮਜ਼ੋਰ ਹੁੰਦਾ ਹਾਂ, ਤਦੇ ਬਲਵਾਨ ਹੁੰਦਾ ਹਾਂ'' (2 ਕੁਰਿੰਥੀਆਂ 12:10)। ਸਾਨੂੰ ਯਿਸੂ ਦੀ ਲੋੜ ਰਹਿੰਦੀ ਹੀ ਹੈ। ਅਸੀਂ ਰੋਟੀ ਮੰਗਣ ਵਾਲੇ ਮੰਗਤੇ ਨਹੀਂ ਹਾਂ। ਮੈਨੂੰ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਦੀਆਂ ਗਲਤੀਆਂ ਪਤਾ ਲਗ ਜਾਣ ਤੇ ਕਲੀਸੀਆ ਨੂੰ ਉਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ। ਅਸੀਂ ਸਭ ਪਾਪ ਕਰਦੇ ਹਾਂ ਅਤੇ ਖ਼ੁਦਾ ਦੇ ਫ਼ਜ਼ਲ ਤੋਂ ਰਹਿ ਜਾਂਦੇ ਹਾਂ (ਰੋਮੀਆਂ 3:10, 23)।

(2) ਪਤਰਸ ਯਿਸੂ ਨੂੰ ''ਬਚਾਉਣ'' ਦੀ ਕੋਸ਼ਿਸ਼ ਕਰ ਰਿਹਾ ਸੀ। ''ਰੂਪਕ'' ਨਵਾਂ ਨਹੀਂ ਹੈ! ਰੱਬੀ ਲੋਕ ਖਾਸ ਥਾਂਵਾਂ ਤੇ ਨਹੀਂ ਜਾਂਦੇ ਸਨ, ਕੁਝ ਖਾਸ ਕੰਮ ਨਹੀਂ ਕਰਦੇ ਸਨ, ਕੁਝ ਖਾਸ ਲੋਕਾਂ ਨਾਲ ਹੀ ਨਜ਼ਰ ਆਉਂਦੇ ਸਨ। ਯਿਸੂ ਨੇ ਕਿਸੇ ''ਰੱਬੀਆਂ ਦੇ ਸਕੂਲ'' ਵਿਚ ਸਿਖਲਾਈ ਨਹੀਂ ਲਈ ਸੀ। ਉਸਨੇ ਆਪਣੇ ਪਰਿਵਾਰ, ਆਪਣੇ ਚੇਲਿਆਂ ਅਤੇ ਆਪਣੀ ਕੌਮ ਤੇ ਜ਼ੋਰ ਦਿੱਤਾ। ਪਤਰਸ ਨੂੰ ਲੱਗਾ ਕਿ ਪਰਨੇ ਵਾਲੀ ਘਟਨਾ ਦਾ ਲੋਕਾਂ ਵਿਚ ਪਤਾ ਲੱਗ ਜਾਣ ਤੇ ਯਿਸੂ ਦੀ ਕਦਰ ਘੱਟ ਹੋ ਸਕਦੀ ਹੈ। ਖ਼ੁਦਾ ਦੀ ਧਾਰਮਿਕਤਾ ਨਾਲੋਂ ਵੱਧ ਧਾਰਮਿਕ ਬਣਨ ਦੀ ਕੋਸ਼ਿਸ਼ ਨਾ ਕਰੋ! ਲੋਕ ਮੈਨੂੰ ਆਪਣੀ

ਝੂਠੀ ਧਾਰਮਿਕਤਾ ਨਾਲ, ਖ਼ੁਦਾ ਨਾਲੋਂ ਵੱਧ ਸਖ਼ਤ ਹੋਰ ਮੰਗ ਕਰਦੇ ਹੋਏ ਘੂਰਦੇ ਹਨ। ਯਿਸੂ ਪਾਪੀਆਂ ਨਾਲ ਰਹਿਮਦਿਲ ਸੀ। ਉਸ ਨੇ ਬੱਚਿਆਂ ਨੂੰ ਬਰਕਤ ਦਿੱਤੀ ਅਤੇ ਆਮ ਲੋਕ ਉਸ ਨੂੰ ਸੁਣ ਸਕਦੇ ਸਨ। ਪਾਪੀਆਂ ਨੂੰ ਮਸੀਹ ਵਿਚ ਲਿਆਉਣ ਵੇਲੇ ਸਾਨੂੰ ਇਹ ਚਿਤਾਵਨੀ ਧਿਆਨ ਵਿਚ ਰੱਖਣੀ ਜ਼ਰੂਰੀ ਹੈ ਕਿ ''ਤੁਹਾਨੂੰ ਯਿਸੂ ਬਾਰੇ ਉਹ ਗੱਲਾਂ ਮੰਨਣੀਆਂ ਪੈਣਗੀਆਂ ਜੋ ਤੁਹਾਨੂੰ ਪਸੰਦ ਨਹੀਂ।'' ਅਸੀਂ ਯਿਸੂ ਵਰਗੇ ਬਣਨ ਲਈ ਬਦਲਦੇ ਹਾਂ ਪਰ ਉਹ ਸਾਡੇ ਵਰਗਾ ਬਣਨ ਲਈ ਨਹੀਂ ਬਦਲਦਾ ਹੈ। ਪਤਰਸ ''ਸੇਵਕ'' ਬਣਨ ਦੀ ਥਾਂ ''ਚਰਚ ਵਰਕਰ'' ਹੋਣ ਦੀ ਇਕ ਉਦਾਹਰਣ ਹੈ। ਉਸ ਨੂੰ ਇਖ਼ਤਿਆਰ ਮਿਲਿਆ ਸੀ, ਅਤੇ ਉਹ ਉਸ ਇਖ਼ਤਿਆਰ ਨੂੰ ਆਪਣੇ ਕੋਲ ਰੱਖਣਾ ਚਾਹੁੰਦਾ ਸੀ। ਸਿਰਫ਼ ਤਾਕਤਵਰ ਹੀ ਹਲੀਮ ਹੋ ਸਕਦੇ ਸਨ ਅਤੇ ਸਿਰਫ਼ ਸੁਰੱਖਿਅਤ ਲੋਕ ਹੀ ਸੇਵਾ ਕਰ ਸਕਦੇ ਹਨ। ਇੱਥੇ ਗੱਲ ਸੁਭਾਅ ਦੀ ਹੈ ਨਾ ਕਿ ਇੱਜ਼ਤ ਦੀ।

(3) ਪਤਰਸ ਦਾ ਘਮੰਡ ਨਜ਼ਰ ਆ ਗਿਆ। ਜਦ ਸਾਨੂੰ ਲਗਦਾ ਹੈ ਕਿ ਅਸੀਂ ਆਪਣੇ ਘਮੰਡ ਉੱਤੇ ਕਾਬੂ ਪਾ ਲਿਆ ਹੈ, ਤਦੇ ਇਹ ਆਪਣਾ ਤਾਕਤਵਰ ਸਿਰ ਚੁੱਕ ਲੈਂਦਾ ਹੈ। ਵਚਨ ਦੇ ਜਾਣਕਾਰ ਲਈ ਧਿਆਨ ਨਾਲ ਪੜ੍ਹਨਾ ਜ਼ਰੂਰੀ ਹੈ। ਮੁੱਦਾ ਚੇਲਿਆਂ ਵੱਲੋਂ ਪੈਰ ਧੋਣ ਦਾ ਨਹੀਂ ਬਲਕਿ ਯਿਸੂ ਰਾਹੀਂ ਉਨ੍ਹਾਂ ਦੇ ਪੈਰ ਧੋਤੇ ਜਾਣ ਦਾ ਸੀ! ਉਹ ਮਨਮਰਜ਼ੀ ਨਾਲ ਉਹਦੇ ਪੈਰ ਧੋ ਸਕਦੇ ਸਨ! ਫਿਰ ਤਾਂ ਕੋਈ ਦਿੱਕਤ ਹੀ ਨਹੀਂ ਸੀ। ਅਸਲ ਵਿਚ, ਇਸ ਉੱਤੇ ਉਨ੍ਹਾਂ ਵਿਚ ਝਗੜਾ ਹੋਇਆ ਹੋਵੇਗਾ। ਘਮੰਡ ਐਨਾ ਚਾਲਬਾਜ਼ ਹੁੰਦਾ ਹੈ। ਕਈ ਸਾਲਾਂ ਤਕ ਅਸੀਂ ਹਰ ਡੀਕਨ ਨੂੰ ''ਸੇਵਕ ਵਾਲਾ ਪਰਨਾ'' ਦਿੰਦੇ ਰਹੇ ਅਤੇ ਉਨ੍ਹਾਂ ਨੂੰ ''ਸੇਵਕ ਵਾਲੇ ਪਰਨੇ'' ਬਣਾਉਣ ਲਈ ਆਖਦੇ ਸਾਂ। ਉਹ ਬਣਾਉਂਦੇ ਵੀ ਸਨ। ਵਿਚ ਵਿਚ ਅਸੀਂ ''ਟਾਵਲ ਸੰਡੇ'' ਭਾਵ ''ਪਰਨੇ ਦਾ ਐਤਵਾਰ'' ਰੱਖਦੇ ਸਾਂ। ਤੌਲੀਏ ਭਾਵ ਪਰਨੇ ਖਾਸ ਸੇਵਕਾਂ ਨੂੰ ਹੀ ਦਿੱਤੇ ਜਾਂਦੇ ਸਨ। ਇਹ ਬੜਾ ਹੀ ਦਿਖਾਵਟੀ ਲੱਗਣ ਲਗ ਪਿਆ। ਪਰਨਿਆਂ ਤੇ ਸਿਆਸਤ ਹੋਣ ਲੱਗ ਪਈ, ਲੋਕ ਝਗੜਨ ਲੱਗੇ ਅਤੇ ਆਪਣੇ ਪਰਨਿਆਂ ਦੀ ਨੁਮਾਇਸ਼ ਕਰਨ ਲੱਗੇ! ਘਮੰਡ ਕਰਕੇ ਪਰਨਿਆਂ ਦਾ ਵਿਚਾਰ ਖਤਮ ਹੋ ਗਿਆ!

ਜੇ ਕਲੀਸੀਆ ਦੇ ਐਲਡਰ ਇਹ ਐਲਾਨ ਕਰ ਦੇਣ ਕਿ ਅਗਲੇ ਐਤਵਾਰ ਉਹ ਤੁਹਾਡੇ ਪੈਰ ਧੋਣਗੇ, ਤਾਂ ਤੁਸੀਂ ਕੀ ਕਰੋਗੇ? ਤੁਸੀਂ ਨਵਾਂ ਸੂਟ, ਨਵੀਂ ਜੁੱਤੀ, ਨਵੀਂ ਟਾਈ ਖਰੀਦੋਗੇ! ਖੂਬ ਮਲ਼ ਕੇ ਨਹਾਓਗੇ, ਪਾਊਡਰ ਜਾਂ ਸੈਂਟ ਲਾਓਗੇ। ਆਪਣੇ ਪਰਿਵਾਰ ਜਾਂ ਦੋਸਤਾਂ ਨੂੰ ਨਾਲ ਲੈ ਕੇ ਆਓਗੇ! ਤੁਸੀਂ ਇਸ ਨੂੰ ਬਰਬਾਦ ਕਰ ਦਿਓਗੇ! *ਘਮੰਡ ਆ ਗਿਆ ਨਾ!* ਜੇ ਕਿਸੇ ਐਤਵਾਰ ਅਚਾਨਕ ਆ ਕੇ ਉਹ ਤੁਹਾਨੂੰ ਹੈਰਾਨ ਕਰ ਦੇਣ? ਤੁਹਾਡੀ ਜੁੱਤੀ ਲਾਹੁਣ ਤੇ, ਹੋ ਸਕਦਾ ਹੈ ਤੁਹਾਡੀਆਂ ਜੁਰਾਬਾਂ ਫਟੀਆਂ ਮਿਲਣ। ਭਲਾ ਤੁਹਾਨੂੰ ਆਪਣੇ ਆਪ ਵਿਚ ਸ਼ਰਮ ਨਹੀਂ ਆਵੇਗੀ? *ਘਮੰਡ ਹੈ ਨਾ!* ਇਹੀ ਪਤਰਸ ਵਿਚ ਸੀ; ਇਹੀ ਸਾਡੇ ਸਭ ਵਿਚ ਹੈ।

(4) ਪਤਰਸ ਨੇ ਆਪਣੇ ਆਪ ਨੂੰ ਹਲੀਮ ਕੀਤਾ ਅਤੇ ਤੌਬਾ ਕੀਤੀ, ''ਪ੍ਰਭੂ ਜੀ ਨਿਰੇ ਮੇਰੇ ਪੈਰ ਹੀ ਨਹੀਂ ਸਗੋਂ ਹੱਥ ਅਰ ਸਿਰ ਭੀ ਧੋ!''(ਯੂਹੰਨਾ 13:9)। ਸਾਨੂੰ ਪਤਰਸ ਦੀ ਉਦਾਹਰਣ ਦੀ ਲੋੜ ਹੈ। ਉਸ ਨੇ ਪਾਪ ਕੀਤਾ, ਹਾਂ, ਪਰ ਉਸ ਨੇ ਤੌਬਾ ਵੀ ਕੀਤੀ। ਕਿਸੇ ਹੋਰ ਦੇ ਪੈਰ ਨਾਲ ਤੁਹਾਡੀ ਅਜ਼ਾਦੀ ਦਾ ਪਤਾ ਲਗ ਸਕਦਾ ਹੈ, ਪਰ ਆਪਣੇ ਪੈਰ ਧੋਣ ਤੋਂ ਤੁਹਾਡੀ ਨਿਰਭਰਤਾ ਦਾ ਪਤਾ ਲਗਦਾ ਹੈ। ਸਾਡੇ ਵਾਸਤੇ ਸੇਵਾ ਕਰਨ ਨਾਲੋਂ ਸੇਵਾ ਕਰਾਉਣਾ ਔਖਾ ਹੋ ਸਕਦਾ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਮਝਾਉਣ। ਮਜ਼ਬੂਤ ਮੈਂਬਰਾਂ ਨੂੰ ਚਾਹੀਦਾ ਹੈ ਕਿ ਭਾਈਆਂ ਨੂੰ ਸਮਝਾਈਏ।

ਮੈਂ ਇਸ ਨੂੰ ''ਖਾਮੀ ਦਾ ਦਾਨ'' ਆਖਦਾ ਹਾਂ। ਸਾਡੇ ਵਿੱਚੋਂ ਕਿਸੇ ਨੇ ਵੀ ਪ੍ਰਚਾਰ ਕਰਨ ਦੀ ਸੇਵਾ ਕਰਨ ਦਾ ਹੱਕ ਕਮਾਇਆ ਨਹੀਂ ਹੈ। ਪੈਂਟੀਕਾਸਟ ਵਾਲੇ ਦਿਨ ਉਹ ਜ਼ਬਰਦਸਤ ਸਰਮਨ ਕਿਸ ਨੇ ਦਿੱਤਾ ਸੀ? *ਪਤਰਸ ਨੇ!* ਭਲਾ ਉਸ ਨੇ ਇਸ ਦਾ ਹੱਕ ਕਮਾਇਆ ਸੀ? *ਨਹੀਂ!* ਪ੍ਰਚਾਰ ਕਰਨ ਲਈ ਪਤਰਸ ਉੱਤੇ ਖ਼ੁਦਾ ਦਾ ਫ਼ਜ਼ਲ ਹੋਇਆ ਸੀ, ਕਿਉਂਕਿ ਉਸਨੇ ਆਖ਼ਰੀ ਭੋਜ ਦੌਰਾਨ ਯਿਸੂ ਨੂੰ ਆਪਣੇ

ਪੈਰ ਧੋਣ ਦਿੱਤੇ ਸਨ। ਮੈਂ ਪ੍ਰਚਾਰ ਕਰਨ ਵਾਲਾ ਕੌਣ ਹਾਂ? ਮੈਂ ਕੁਝ ਵੀ ਨਹੀਂ ਹਾਂ! ਮੈਂ ਪ੍ਰਚਾਰਕ ਨਹੀਂ ਬਣ ਸਕਦਾ!ਪਰ ਜਦ ਤਕ ਮੈਂ ਹਲੀਮ ਹੋ ਕੇ ਯਿਸੂ ਨੂੰ ਆਪਣੇ ਪੈਰ ਧੋਣ ਦਿੰਦਾ ਹਾਂ, ਮੈਂ ਕਿਸੇ ਨੂੰ ਵੀ, ਕਿਤੇ ਵੀ ਅਤੇ ਕਿਸੇ ਵੀ ਵਕਤ ਵਚਨ ਸੁਣਾ ਸਕਦਾ ਹਾਂ। ਇਸ ਵਿਚ ਵਿਰੋਧਾਭਾਸ ਹੈ ਕਿਉਂਕਿ ਯਿਸੂ ਪੈਰ ਧੋਣ ਰਾਹੀਂ ਮਨਾਂ ਨੂੰ ਸ਼ੁੱਧ ਕਰਦਾ ਹੈ! ਸਿਰਫ਼ ਯਿਸੂ ਹੀ ਨਿਹਕਲੰਕ ਪ੍ਰੇਮ ਰੱਖ ਸਕਦਾ ਹੈ। ''ਪਰਨੇ ਵਾਲੀ ਗੱਲ'' ਨਾਲ ਜੁੜੇ ਰਹਿਣਾ ਜ਼ਰੂਰੀ ਹੈ।

ਪਤਰਸ ਅਤੇ ਹੋਰ ਚੇਲਿਆਂ ਨੂੰ ''ਖਾਮੀ ਦੇ ਦਾਨ'' ਨੂੰ ਸਿੱਖ ਕੇ ਇਸ ਨੂੰ ਲੈਣਾ ਸੀ। ਛੋਟੇ ਬੱਚਿਆਂ ਦੀਆਂ ਬਣਾਈਆਂ ਤਸਵੀਰਾਂ ਨੂੰ ਗੰਦਾ ਨਹੀਂ ਆਖਦੇ। ਉਨ੍ਹਾਂ ਭਾਵੇਂ ਲਾਈਨਾਂ ਦੇ ਵਿਚਕਾਰ ਰੰਗ ਨਾ ਭਰੇ ਹੋਣ ਤਾਂ ਵੀ ਬੱਚੇ ਹੋਣ ਕਰਕੇ ਉਨ੍ਹਾਂ ਨੂੰ ਬੱਚੇ ਹੀ ਕਿਹਾ ਜਾਵੇਗਾ। ਅਸੀਂ ਉਨ੍ਹਾਂ ਨੂੰ ਗਲ਼ ਨਾਲ ਲਾਉਂਦੇ, ਉਨ੍ਹਾਂ ਨੂੰ ਥੈਂਕ ਯੂ ਆਖਦੇ ਅਤੇ ਉਨ੍ਹਾਂ ਦੀਆਂ ਬਣਾਈਆਂ ਤਸਵੀਰਾਂ ਬੜੀਆਂ ਸੰਭਾਲ ਕੇ ਰੱਖਦੇ ਹਾਂ। ਇਹੀ ਗੱਲ ਖ਼ੁਦਾ ਅਤੇ ਸਾਡੇ ਵਿਚਕਾਰ ਹੈ। ਅਸੀਂ ਸੰਪੂਰਣ ਨਹੀਂ ਬਣ ਸਕਦੇ; ਸਾਡੀ ਹਰ ਗੱਲ ਸਹੀ ਨਹੀਂ ਹੋ ਸਕਦੀ; ਅਸੀਂ ਨਾਕਾਮੀ ਤੋਂ ਬਚ ਨਹੀਂ ਸਕਦੇ। ਬੱਚਿਆਂ ਦਾ ਸਿੱਖਦੇ ਸਿੱਖਦੇ ਵੱਡਾ ਹੋਣ ਦਾ ਇਹੀ ਢੰਗ ਹੈ। ਜਦ ਯਿਸੂ ਸਾਡੇ ਪੈਰ ਧੋਂਦਾ ਹੈ ਤਾਂ ਸਾਨੂੰ ਫ਼ੇਲ੍ਹ ਹੋਣ ਦੀ ਇਜਾਜ਼ਤ ਹੁੰਦੀ ਹੈ। ਬਹੁਤ ਸਾਰੇ ਲੋਕ ਸੇਵਾ ਕਰਨ ਤੋਂ ਇਸ ਕਰਕੇ ਇਨਕਾਰ ਕਰਦੇ ਹਨ ਕਿ ਉਹ ਇਸ ਨੂੰ ਚੰਗੀ ਤਰ੍ਹਾਂ ਨਹੀਂ ਕਰ ਸਕਦੇ। ਕਾਮਯਾਬੀ ਓਨੀ ਜ਼ਰੂਰੀ ਨਹੀਂ ਹੈ ਜਿੰਨੀ ਵਫ਼ਾਦਾਰੀ। ਤੁਸੀਂ ਜਿੱਥੇ ਹੋ, ਜੋ ਵੀ ਹੋ, ਜੋ ਕੁਝ ਵੀ ਕਰ ਸਕਦੇ ਹੋ, ਕਰੋ। ਦੂਜਿਆਂ ਨੇ ਜੋ ਵੀ ਕੀਤਾ ਹੋਵੇ, ਪਰ ਪਤਰਸ ਸਿਰਫ਼ ਆਪਣੇ ਲਈ ਹੀ ਜ਼ਿੰਮੇਵਾਰ ਸੀ। ਮੁਕਤੀ ਸਾਡੇ ਵੱਲੋਂ ਖ਼ੁਦਾ ਦੀ ਸੇਵਾ ਕਰਨ ਤੇ ਨਹੀਂ, ਬਲਕਿ ਖ਼ੁਦਾ ਨੂੰ ਸਾਡੀ ਸੇਵਾ ਦੀ ਇਜਾਜ਼ਤ ਦੇਣ ਤੇ ਨਿਰਭਰ ਹੈ। ਜੰਗ ਤਾਂ ਖ਼ੁਦਾ ਦੀ ਹੈ। ਸ਼ਕਤੀ ਵਚਨ ਵਿਚ ਹੈ। ਖ਼ੁਦਾ ਦੇ ਸੱਚੇ ਸੇਵਕ ਹੋਣ ਲਈ ਸਾਡੇ ਵਾਸਤੇ ਜ਼ਰੂਰੀ ਹੈ ਕਿ ਖ਼ੁਦਾ ਤੋਂ ਸੇਵਾ ਕਰਾਈਏ। ਲੋਕਾਂ ਨਾਲ ਸਾਡੇ ਵਿਹਾਰ ਦੇ ਢੰਗ ਤੋਂ ਅਸੀਂ ਮੰਨਦੇ ਹਾਂ ਕਿ ਖ਼ੁਦਾ ਸਾਡੇ ਨਾਲ ਅਜਿਹਾ ਵਿਹਾਰ ਕਰਦਾ ਹੈ।

## "ਮੇਰੇ ਵਰਗੇ ਬਣੋ"

ਯਿਸੂ ਨੇ ਆਪਣੇ ਚੇਲਿਆਂ ਨੂੰ ਉਵੇਂ ਹੀ ਕੰਮ ਕਰਨ ਲਈ ਆਖਿਆ ਜਿਵੇਂ ਉਹ ਕਰਦਾ ਸੀ (ਯੂਹੰਨਾ 13: 13–17)। ਯਿਸੂ ਨੇ ਇੱਕੋ ਹੀ ਹੁਕਮ ਦਿੱਤਾ ਕਿ ''ਮੇਰੇ ਪਿੱਛੇ ਆਓ'' (ਮੱਤੀ 4: 19; 9:9; 1 ਪਤਰਸ 2: 21)। ਮਸੀਹੀਅਤ, ਮਸੀਹ ਹੀ ਹੈ। ਪੌਲੁਸ ਨੈ ਆਖਿਆ, ''ਤੁਸੀਂ ਮੇਰੀ ਰੀਸ ਕਰੋ ਜਿਵੇਂ ਮੈਂ ਵੀ ਮਸੀਹ ਦੀ ਰੀਸ ਕਰਦਾ ਹਾਂ''(1 ਕੁਰਿੰਥੀਆਂ 10: 33)। ਉਸ ਨੇ ਫ਼ਿਲਿੱਪੀਆਂ ਨੂੰ ਆਪਣੀ ਨਕਲ ਕਰਨ ਲਈ ਆਖਿਆ (ਫ਼ਿਲਿੱਪੀਆਂ 3: 17)। ਫਿਰ ਉਸ ਨੇ ਦਿਲੋ ਜਾਨ ਦੇ ਦਿੱਤਾ: ''ਜੋ ਕੁਝ ਤੁਸਾਂ ਸਿੱਖਿਆ ਅਤੇ ਮੰਨ ਲਿਆ ਅਤੇ ਸੁਣਿਆ ਅਤੇ ਮੇਰੇ ਵਿਚ ਡਿੱਠਾ ਓਹੀਓ ਕਰੋ ਤਾਂ ਸ਼ਾਂਤੀ ਦਾਤਾ ਪਰਮੇਸ਼ੁਰ ਤੁਹਾਡੇ ਅੰਗ ਸੰਗ ਹੋਵੇਗਾ'' (ਫ਼ਿਲਿੱਪੀਆਂ 4: 9)। ਪਿਛਲੇ ਕਈ ਸਾਲਾਂ ਤੋਂ ਮੈਂ ਭਾਈਆਂ ਵਿਚ ਖੜਾ ਹੋ ਕੇ ਕਹਿੰਦਾ ਆ ਰਿਹਾ ਹਾਂ, ''ਮੇਰੇ ਮਗਰ ਚੱਲੋ।'' ਪੰਜਾਹ ਸਾਲਾਂ ਤੋਂ ਮੈਂ ਇਹੀ ਪ੍ਰਚਾਰ ਕਰਦਾ ਹਾਂ, ਇਹ ਕਹਿੰਦਿਆਂ ਕਿ ਮੈਨੂੰ ਕਿੰਨੀ ਦੇਰ ਤਕ ਪ੍ਰਚਾਰ ਕਰਦੇ ਰਹਿਣਾ ਚਾਹੀਦਾ ਹੈ? ਐਲਡਰਾਂ ਨੂੰ ਭੇਡਾਂ ਸਾਹਮਣੇ ਖਲੋ ਕੇ ਅਵਾਜ਼ ਦੇਣੀ ਚਾਹੀਦੀ ਹੈ, ''ਸਾਡੇ ਮਗਰ ਆਓ।'' ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਆਖਣਾ ਚਾਹੀਦਾ ਹੈ, ''ਸਾਡੇ ਮਗਰ ਆਓ।'' ਤੁਹਾਡੇ ਜਵਾਬ ਤੋਂ ਪਹਿਲਾਂ, *ਉਹ ਮਗਰ ਚੱਲ ਪੈਣਗੇ!* ਭੇਡਾਂ ਮਗਰ ਚੱਲਦੀਆਂ ਹਨ। ਸਾਡੀ ਜ਼ਿੰਮੇਵਾਰੀ ਉਨ੍ਹਾਂ ਨੂੰ ਸਹੀ ਰਾਹ ਤੇ ਲਿਜਾਣਾ ਹੈ। ਭਲਾ ਸਾਡੇ ਸਾਥੀਆਂ ਨੂੰ ਸਾਫ਼ ਨਜ਼ਰ ਆਉਂਦਾ ਹੈ ਕਿ ਅਸੀਂ ਯਿਸੂ ਨਾਲ ਐਨਾ ਵਕਤ ਬਿਤਾਇਆ ਹੈ? ਚੇਲਿਆਂ ਦੇ ਆਲੇ ਦੁਆਲੇ ਦੇ ਲੋਕਾਂ ਨੇ '' ... ਉਨ੍ਹਾਂ ਨੂੰ ਪਛਾਣਿਆ ਕਿ ਇਹ ਯਿਸੂ ਦੇ ਨਾਲ ਰਹੇ ਸਨ'' (ਰਸੂਲਾਂ ਦੇ ਕੰਮ 4: 13)।

ਸੇਵਕਾਂ ਵਿੱਚੋਂ ਪ੍ਰਚਾਰਕ ਚੁਣੋ। ਸੇਵਾ ਕਰਨ ਵਾਲਿਆਂ ਵਿੱਚੋਂ ਐਲਡਰਾਂ ਨੂੰ ਚੁਣੋ। ਜਦ ਅਸੀਂ ਮਸੀਹ ਦੀ ਸੇਵਾ ਕਰਨ ਵਾਲੇ ਹੁੰਦੇ ਹਾਂ, ਤਾਂ ਸਾਡੇ ਬੱਚੇ, ਭਾਵ ਭਾਈ ਸਾਨੂੰ ''ਨਾਂਹ'' ਨਹੀਂ ਆਖ ਸਕਦੇ।

*ਆਓ, ਮੇਰੇ ਨਾਲ ਚੱਲੋ।*

---

ਟਿੱਪਣੀ

[1]ਪਤਰਸ ਚੇਲਿਆਂ ਦੀ ਇਨਸਾਨੀਅਤ ਨੂੰ ਵਿਖਾਉਂਦਾ ਹੈ, ਅਤੇ ਇਹ ਮੁੱਖ ਗੱਲ ਇਸ ਵਿਚਾਰ ਨੂੰ ਫੜਦੀ ਹੈ। ਪਰ ਇਹ ਵਾਕ ਅੰਸ਼ ਲਾਰੈਂਸ ਐੱਫ਼. ਪੀਟਰ ਦੀ ਸਿੱਖਿਆ ਕਿ ਕਿਸੇ ਸੰਗਠਨ ਦੇ ਅੰਦਰ ਕਰਮਚਾਰੀ ਆਪਣੀ ਨਾਲਾਇਕੀ ਦਾ ਪੱਧਰ ਵਧਾਏਗਾ ਜਾਂ ਵਧਾਏਗੀ, ਉਹੀ ਰਹੇਗਾ ਜਾਂ ਰਹੇਗੀ, ਲਈ ਨਾਮ ਤੋਂ ਲਿਆ ਗਿਆ ਹੈ।